Punjabi - Number 116
May 2025

ਜਨਮ ਤੋਂ ਪਹਿਲਾਂ ਦਾ (ਪ੍ਰੀਨੇਟਲ) ਅਲਟਰਾਸਾਊਂਡ

Prenatal ultrasound

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਗਰਭ ਅਵਸਥਾ ਦੌਰਾਨ ਤੁਹਾਨੂੰ ਇੱਕ ਜਾਂ ਵੱਧ ਅਲਟਰਾਸਾਊਂਡ ਸਕੈਨ ਦੀ ਪੇਸ਼ਕਸ਼ ਕਰੇਗਾ। ਇਹ ਪ੍ਰੀਨੇਟਲ ਅਲਟਰਾਸਾਊਂਡ ਸਕੈਨ ਮਹੱਤਵਪੂਰਨ ਮੈਡੀਕਲ ਜਾਣਕਾਰੀ ਦਿੰਦੇ ਹਨ, ਜੋ ਤੁਹਾਨੂੰ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਤੁਹਾਡੇ ਅਤੇ ਬੱਚੇ ਲਈ ਸਭ ਤੋਂ ਵਧੀਆ ਦੇਖਭਾਲ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਦੇ ਹਨ।

ਪ੍ਰੀਨੇਟਲ ਅਲਟਰਾਸਾਊਂਡ ਕੀ ਹੁੰਦਾ ਹੈ?

ਪ੍ਰੀਨੇਟਲ ਅਲਟਰਾਸਾਊਂਡ ਸਕੈਨ ਇੱਕ ਦਰਦ ਰਹਿਤ ਮੈਡੀਕਲ ਪ੍ਰਕਿਰਿਆ ਹੈ। ਇਹ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ (ਜਿਵੇਂ ਕਿ ਤੁਹਾਡਾ ਡਾਕਟਰ, ਦਾਈ, ਜਾਂ ਨਰਸ ਪ੍ਰੈਕਟੀਸ਼ਨਰ) ਦੁਆਰਾ ਬੇਨਤੀ ਕੀਤਾ ਜਾਂਦਾ ਹੈ। ਅਕਸਰ, ਇਸਦੀ ਸਿਫ਼ਾਰਸ਼ ਤੁਹਾਡੀ ਪਹਿਲੀ ਅਤੇ ਦੂਜੀ ਤਿਮਾਹੀ ਦੌਰਾਨ ਕੀਤੀ ਜਾਵੇਗੀ।

ਇਹ ਬੱਚੇਦਾਨੀ ਦੇ ਅੰਦਰ ਤੁਹਾਡੇ ਬੱਚੇ ਦੀ ਇੱਕ ਲਾਈਵ ਤਸਵੀਰ ਬਣਾਉਣ ਲਈ ਧੁਨੀ ਤਰੰਗਾਂ ਦੀ ਵਰਤੋਂ ਕਰਦਾ ਹੈ ਜੋ ਮਾਨੀਟਰ 'ਤੇ ਵੇਖੀ ਜਾ ਸਕਦੀ ਹੈ। ਇਹ ਅਲਟਰਾਸਾਊਂਡ ਕੁਝ ਸਿਹਤ ਸੰਭਾਲ ਪ੍ਰਦਾਤਾਵਾਂ ਦੁਆਰਾ ਕੀਤੇ ਜਾਂਦੇ ਹਨ ਜੋ ਦੇਖਭਾਲ ਗਤੀਵਿਧੀ ਕਰਨ ਲਈ ਸਿਖਲਾਈ ਪ੍ਰਾਪਤ ਅਤੇ ਅਧਿਕਾਰਤ ਹੁੰਦੇ ਹਨ (ਜਿਵੇਂ ਕਿ ਡਾਕਟਰ, ਅਤੇ ਡਾਇਗਨੋਸਟਿਕ ਮੈਡੀਕਲ ਸੋਨੋਗ੍ਰਾਫਰ)। ਉਹ ਇੱਕ ਹੱਥ ਨਾਲ ਫੜੇ ਜਾਣ ਵਾਲੇ ਯੰਤਰ ਦੀ ਵਰਤੋਂ ਕਰਦੇ ਹਨ ਜਿਸਨੂੰ ਟ੍ਰਾਂਸਡਿਊਸਰ ਕਿਹਾ ਜਾਂਦਾ ਹੈ ਜੋ ਅਜਿਹੀਆਂ ਧੁਨੀ ਤਰੰਗਾਂ ਪੈਦਾ ਕਰਦਾ ਹੈ ਜੋ ਮਨੁੱਖੀ ਕੰਨ ਨਹੀਂ ਸੁਣ ਸਕਦੇ। ਅਲਟਰਾਸਾਊਂਡ ਮਸ਼ੀਨ ਬੱਚੇ ਤੋਂ ਉਛਲਣ ਵਾਲੀਆਂ ਧੁਨੀ ਤਰੰਗਾਂ ਦਾ ਪਤਾ ਲਗਾਉਂਦੀ ਹੈ ਅਤੇ ਉਹਨਾਂ ਨੂੰ ਇੱਕ ਚਿੱਤਰ ਵਿੱਚ ਬਦਲ ਦਿੰਦੀ ਹੈ।

ਅਕਸਰ, ਮੈਡੀਕਲ ਅਲਟਰਾਸਾਊਂਡ ਦੋ-ਅਯਾਮੀ (2D) ਹੁੰਦੇ ਹਨ। ਇਹ ਤਿੰਨ-ਅਯਾਮੀ (3D) ਚਿੱਤਰ ਦੀ ਬਜਾਏ ਇੱਕ ਸਮਤਲ ਚਿੱਤਰ ਬਣਾਉਂਦਾ ਹੈ।

ਇਹਨਾਂ ਤਸਵੀਰਾਂ ਦੀ ਵਰਤੋਂ ਤੁਹਾਡੇ ਬੱਚੇ ਦੀ ਸਿਹਤ ਅਤੇ ਤੰਦਰੁਸਤੀ ਦਾ ਮੁਲਾਂਕਣ ਕਰਨ ਲਈ ਕੀਤੀ ਜਾਂਦੀ ਹੈ। ਇੱਕ ਰੇਡੀਓਲੋਜਿਸਟ ਤਸਵੀਰਾਂ ਦੀ ਸਮੀਖਿਆ ਕਰਦਾ ਹੈ ਅਤੇ ਤੁਹਾਡੇ ਪ੍ਰੀਨੇਟਲ ਦੇਖਭਾਲ ਪ੍ਰਦਾਤਾ ਨੂੰ ਇੱਕ ਲਿਖਤੀ ਰਿਪੋਰਟ ਭੇਜਦਾ ਹੈ। ਫਿਰ ਤੁਹਾਡਾ ਦੇਖਭਾਲ ਪ੍ਰਦਾਤਾ ਤੁਹਾਡੇ ਨਾਲ ਨਤੀਜਿਆਂ ਦੀ ਸਮੀਖਿਆ ਕਰੇਗਾ ਅਤੇ ਜੇਕਰ ਇਹ ਕਿਸੇ ਸਿਹਤ ਅਥਾਰਟੀ ਸਹੂਲਤ ਵਿੱਚ ਕੀਤਾ ਗਿਆ ਹੋਵੇ, ਤਾਂ ਅਲਟਰਾਸਾਊਂਡ ਦੀ ਰਿਪੋਰਟ ਤੁਹਾਨੂੰ ਥੋੜ੍ਹੇ ਸਮੇਂ ਬਾਅਦ ਹੈਲਥ ਗੇਟਵੇ (Health Gateway) ਵਿੱਚ ਉਪਲਬਧ ਹੋ ਜਾਵੇਗੀ।

ਪ੍ਰੀਨੇਟਲ ਅਲਟਰਾਸਾਊਂਡ ਕਿਵੇਂ ਕੀਤਾ ਜਾਂਦਾ ਹੈ?

ਪ੍ਰੀਨੇਟਲ ਅਲਟਰਾਸਾਊਂਡ ਕਰਨ ਦੇ ਦੋ (2) ਤਰੀਕੇ ਹਨ:

1. ਇੱਕ ਟ੍ਰਾਂਸਐਬਡੋਮਿਨਲ ਅਲਟਰਾਸਾਊਂਡ ਤੁਹਾਡੇ ਢਿੱਡ ਉੱਤੇ ਇੱਕ ਟ੍ਰਾਂਸਡਿਊਸਰ ਨੂੰ ਘੁੰਮਾ ਕੇ ਕੀਤਾ ਜਾਂਦਾ ਹੈ। ਇਹ ਆਮ ਤਰੀਕਾ ਹੈ ਜੋ ਨਿਯਮਤ ਪ੍ਰੀਨੇਟਲ ਅਲਟਰਾਸਾਊਂਡ ਦੌਰਾਨ ਵਰਤਿਆ ਜਾਂਦਾ ਹੈ।
2. ਇੱਕ ਐਂਡੋਵੈਜਿਨਲ (EV), ਜਾਂ ਟ੍ਰਾਂਸਵੈਜਿਨਲ, ਅਲਟਰਾਸਾਊਂਡ ਤੁਹਾਡੀ ਯੋਨੀ ਵਿੱਚ ਇੱਕ ਤੰਗ ਟ੍ਰਾਂਸਡਿਊਸਰ ਨੂੰ ਹੌਲੀ-ਹੌਲੀ ਰੱਖ ਕੇ ਕੀਤਾ ਜਾਂਦਾ ਹੈ। ਇਹ ਤਰੀਕਾ ਤੁਹਾਡੇ ਬੱਚੇਦਾਨੀ ਦੇ ਹੇਠਲੇ ਹਿੱਸੇ ਦਾ ਬਿਹਤਰ ਦ੍ਰਿਸ਼ ਪ੍ਰਦਾਨ ਕਰਦਾ ਹੈ ਅਤੇ ਤੁਹਾਡੀ ਗਰਭ ਅਵਸਥਾ ਵਿੱਚ ਪੈਦਾ ਹੋਣ ਵਾਲੀਆਂ ਕੁਝ ਸਥਿਤੀਆਂ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ। ਜੇਕਰ ਐਂਡੋਵੈਜਿਨਲ ਸਕੈਨ ਦੀ ਲੋੜ ਹੈ, ਤਾਂ ਅਲਟਰਾਸਾਊਂਡ ਕਰਨ ਵਾਲਾ ਵਿਅਕਤੀ ਤੁਹਾਡੇ ਨਾਲ ਇਸ ਬਾਰੇ ਚਰਚਾ ਕਰੇਗਾ। ਇਸ ਜਾਣਕਾਰੀ ਦੇ ਨਾਲ, ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਸਹਿਮਤੀ ਦੇਣੀ ਹੈ ਜਾਂ ਨਹੀਂ

ਕੀ ਪ੍ਰੀਨੇਟਲ ਅਲਟਰਾਸਾਊਂਡ ਸੁਰੱਖਿਅਤ ਹਨ?

ਗਰਭ ਅਵਸਥਾ ਵਿੱਚ ਮੈਡੀਕਲ ਦੋ-ਅਯਾਮੀ (2D) ਅਲਟਰਾਸਾਊਂਡ ਦੀ ਵਰਤੋਂ 50 ਤੋਂ ਵੱਧ ਸਾਲਾਂ ਤੋਂ ਕੀਤੀ ਜਾ ਰਹੀ ਹੈ। ਇਹ ਨਿਰਧਾਰਤ ਕਰਨ ਲਈ ਬਹੁਤ ਸਾਰੇ ਅਧਿਐਨ ਕੀਤੇ ਗਏ ਹਨ ਕਿ ਕੀ ਇਹ ਸੁਰੱਖਿਅਤ ਹਨ। ਦੁਨੀਆ ਭਰ ਵਿੱਚ, ਪ੍ਰੀਨੇਟਲ ਅਲਟਰਾਸਾਊਂਡ ਬੱਚੇ ਜਾਂ ਮਾਂ ਲਈ ਕਿਸੇ ਵੀ ਪੁਸ਼ਟੀ ਕੀਤੇ ਸਿਹਤ ਜੋਖਮ ਦੇ ਬਿਨਾਂ ਕੀਤੇ ਗਏ ਹਨ।

ਇੱਕ ਪ੍ਰੀਨੇਟਲ ਅਲਟਰਾਸਾਊਂਡ ਕਿਹੜੀ ਜਾਣਕਾਰੀ ਪ੍ਰਦਾਨ ਕਰੇਗਾ?

ਸਕੈਨ ਤੁਹਾਡੀ ਗਰਭ ਅਵਸਥਾ ਦੌਰਾਨ ਅਲਟਰਾਸਾਊਂਡ ਕਦੋਂ ਕੀਤਾ ਜਾਂਦਾ ਹੈ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੇ ਇਸਦੀ ਬੇਨਤੀ ਕਿਉਂ ਕੀਤੀ ਹੈ, ਇਸ 'ਤੇ ਨਿਰਭਰ ਕਰਦੇ ਹੋਏ ਵੱਖ-ਵੱਖ ਜਾਣਕਾਰੀ ਦਿਖਾਏਗਾ।

ਪਹਿਲੀ ਤਿਮਾਹੀ (14 ਹਫ਼ਤਿਆਂ ਤੱਕ)

ਪਹਿਲੀ ਤਿਮਾਹੀ ਦੌਰਾਨ ਕੀਤੇ ਗਏ ਅਲਟਰਾਸਾਊਂਡ ਨੂੰ ਅਕਸਰ 'ਡੇਟਿੰਗ ਅਲਟਰਾਸਾਊਂਡ' ਕਿਹਾ ਜਾਂਦਾ ਹੈ ਅਤੇ ਇਹ ਸਭ ਤੋਂ ਵਧੀਆ ਸਮਾਂ ਹੈ:

- ਇਹ ਨਿਰਧਾਰਤ ਕਰਨ ਲਈ ਕਿ ਤੁਸੀਂ ਆਪਣੀ ਗਰਭ ਅਵਸਥਾ ਵਿੱਚ ਕਿੰਨਾ ਕੁ ਅੱਗੇ ਹੋ
- ਤੁਹਾਡੀ ਨਿਯਤ ਮਿਤੀ ਦਾ ਅੰਦਾਜ਼ਾ ਲਗਾਉਣ ਲਈ
- ਇਹ ਨਿਰਧਾਰਤ ਕਰਨ ਵਿੱਚ ਮਦਦ ਕਰਨ ਲਈ ਕਿ ਕੀ ਇੱਕ ਤੋਂ ਵੱਧ ਬੱਚੇ ਹਨ ਅਤੇ ਕੀ ਉਹਨਾਂ ਵਿੱਚ ਇੱਕ ਪਲੈਸੈਂਟਾ ਜਾਂ ਐਮਨੀਓਟਿਕ ਥੈਲੀ (ਬੱਚੇਦਾਨੀ ਦੇ ਅੰਦਰ ਬੱਚੇ ਦੇ ਦੁਆਲੇ ਐਮਨੀਓਟਿਕ ਤਰਲ ਦਾ ਥੈਲਾ) ਸਾਂਝਾ ਹੈ

ਕੁਝ ਲੋਕ ਇੱਕ ਖਾਸ ਕਿਸਮ ਦੇ ਤਿਮਾਹੀ ਦੇ ਪਹਿਲੇ ਅਲਟਰਾਸਾਊਂਡ ਲਈ ਯੋਗ ਹੁੰਦੇ ਹਨ ਜਿਸਨੂੰ ਨੁਚਲ ਟ੍ਰਾਂਸਲੂਸੈਂਸੀ (NT) ਅਲਟਰਾਸਾਊਂਡ ਕਿਹਾ ਜਾਂਦਾ ਹੈ। ਇਹ NT ਅਲਟਰਾਸਾਊਂਡ ਖੂਨ ਦੀਆਂ ਜਾਂਚਾਂ ਦੇ ਨਾਲ ਕੀਤਾ ਜਾਂਦਾ ਹੈ ਤਾਂ ਜੋ ਬੱਚੇ ਨੂੰ ਡਾਊਨ ਸਿੰਡਰੋਮ (DS) ਜਾਂ ਟ੍ਰਾਈਸੋਮੀ 18 ਹੋਣ ਦੀ ਸੰਭਾਵਨਾ ਦਾ ਪਤਾ ਲਗਾਇਆ ਜਾ ਸਕੇ। ਆਪਣੇ ਪ੍ਰੀਨੇਟਲ ਜੈਨੇਟਿਕ ਸਕ੍ਰੀਨਿੰਗ ਵਿਕਲਪਾਂ ਬਾਰੇ ਹੋਰ ਜਾਣਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਪੇਰੀਨੇਟਲ ਸਰਵਿਸਿਜ਼ ਬੀਸੀ ਪ੍ਰੀਨੇਟਲ ਜੈਨੇਟਿਕ ਸਕ੍ਰੀਨਿੰਗ ਵੈੱਬ ਪੇਜ www.perinatalservicesbc.ca/our-services/screening-programs/prenatal-genetic-screening 'ਤੇ ਜਾਓ।

ਦੂਸਰੀ ਤਿਮਾਹੀ: (14 ਤੋਂ 27 ਹਫਤੇ)

ਤੁਹਾਡੀ ਗਰਭ ਅਵਸਥਾ ਦੇ 18 ਤੋਂ 22 ਹਫ਼ਤਿਆਂ ਦੇ ਵਿਚਕਾਰ ਕੀਤਾ ਜਾਣ ਵਾਲਾ ਅਲਟਰਾਸਾਊਂਡ ਅਕਸਰ ਵਿਸਤ੍ਰਿਤ ਜਾਂ ਸਰੀਰਿਕ ਅਲਟਰਾਸਾਊਂਡ ਕਿਹਾ ਜਾਂਦਾ ਹੈ। ਇਹ ਇਸ ਲਈ ਸਭ ਤੋਂ ਵਧੀਆ ਸਮਾਂ ਹੈ:

- ਆਪਣੇ ਬੱਚੇ ਦੀ ਸਰੀਰ ਵਿਗਿਆਨ ਨੂੰ ਅਤੇ ਇਹ ਦੇਖਣ ਦੀ ਕੋਸ਼ਿਸ਼ ਕਰਨ ਲਈ ਕਿ ਕੀ ਉਸ ਦੇ ਵਿਕਾਸ ਸੰਬੰਧੀ ਕੋਈ ਚਿੰਤਾਵਾਂ ਜਾਂ ਜਨਮ ਸੰਬੰਧੀ ਨੁਕਸ ਹਨ। ਤੁਹਾਡੇ ਬੱਚੇ ਦੇ ਸਰੀਰਕ ਢਾਂਚੇ ਦੇ ਆਕਾਰ ਅਤੇ ਮਾਪ ਦੀ ਜਾਂਚ ਕੀਤੀ ਜਾਂਦੀ ਹੈ, ਪਰ ਅਲਟਰਾਸਾਊਂਡ ਹਮੇਸ਼ਾ ਇਹ ਨਹੀਂ ਦੱਸ ਸਕਦਾ ਕਿ ਉਹ ਢਾਂਚੇ ਕਿੰਨੀ ਚੰਗੀ ਤਰ੍ਹਾਂ ਵਿਕਸਤ ਹੋ ਰਹੇ ਹਨ।
- ਅਲਟਰਾਸਾਊਂਡ "ਮਾਰਕਰਾਂ" ਨੂੰ ਦੇਖੇ। ਮਾਰਕਰ ਜਨਮ ਤੋਂ ਹੋਣ ਵਾਲੇ ਨੁਕਸ ਨਹੀਂ ਹਨ। ਇਹ ਜ਼ਿਆਦਾਤਰ ਵਾਧੇ ਅਤੇ ਵਿਕਾਸ ਵਿੱਚ ਆਮ ਭਿੰਨਤਾਵਾਂ ਹੁੰਦੀਆਂ ਹਨ। ਜਦੋਂ ਇਹਨਾਂ ਨੂੰ ਮਿਲਾ ਕੇ ਦੇਖਿਆ ਜਾਵੇ, ਤਾਂ ਮਾਰਕਰ ਇੱਕ ਜਮਾਂਦਰੂ ਸਥਿਤੀ ਦਾ ਸੁਝਾਅ ਦੇ ਸਕਦੇ ਹਨ, ਜਿਵੇਂ ਕਿ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18। ਜੇਕਰ ਮਾਰਕਰ ਦਿਖਾਈ ਦਿੰਦੇ ਹਨ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਹੋਰ ਜਾਣਕਾਰੀ ਅਤੇ ਜਾਂਚ ਦੀ ਪੇਸ਼ਕਸ਼ ਕਰ ਸਕਦਾ ਹੈ। ਜ਼ਿਆਦਾਤਰ ਬੱਚੇ ਜਿਨ੍ਹਾਂ ਦਾ ਅਲਟਰਾਸਾਊਂਡ "ਮਾਰਕਰ" ਅਲੱਗ ਹੁੰਦਾ ਹੈ, ਉਹ ਪੂਰੀ ਤਰ੍ਹਾਂ ਸਿਹਤਮੰਦ ਅਤੇ ਤੰਦਰੁਸਤ ਹੁੰਦੇ ਹਨ।

ਅਲਟਰਾਸਾਊਂਡ ਸਾਰੇ ਪ੍ਰੀਨੇਟਲ ਮੁੱਦਿਆਂ ਜਾਂ ਸਥਿਤੀਆਂ ਦਾ ਪਤਾ ਨਹੀਂ ਲਗਾ ਸਕਦਾ। ਪੂਰੀ ਤਰ੍ਹਾਂ ਸਾਧਾਰਨ ਅਲਟਰਾਸਾਊਂਡ ਕਰਵਾਉਣਾ ਪੂਰੀ ਤਰ੍ਹਾਂ ਸਿਹਤਮੰਦ ਗਰਭ ਅਵਸਥਾ ਜਾਂ ਬੱਚੇ ਦੀ ਗਰੰਟੀ ਨਹੀਂ ਦਿੰਦਾ। ਪ੍ਰੀਨੇਟਲ ਅਲਟਰਾਸਾਊਂਡ ਦੀ ਪੇਸ਼ਕਸ਼ ਕਰਨ ਤੋਂ ਇਲਾਵਾ, ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਗਰਭ ਅਵਸਥਾ ਦੌਰਾਨ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਿਹਤ ਦੀ ਨਿਗਰਾਨੀ ਕਰਨ ਲਈ ਨਿਯਮਤ ਸਰੀਰਕ ਮੁਲਾਂਕਣ ਅਤੇ ਹੋਰ ਸਕ੍ਰੀਨਿੰਗ ਟੈਸਟ ਪ੍ਰਦਾਨ ਕਰੇਗਾ।

ਤੀਜੀ ਤਿਮਾਹੀ (27 ਹਫ਼ਤਿਆਂ ਬਾਅਦ)

ਜੇਕਰ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਹਨਾਂ ਬਾਰੇ ਚਿੰਤਤ ਹੈ ਤਾਂ ਉਹ ਤੁਹਾਨੂੰ ਤੀਜੀ ਤਿਮਾਹੀ ਵਿੱਚ ਵਾਧੂ ਅਲਟਰਾਸਾਊਂਡ ਕਰਵਾਉਣ ਲਈ ਕਹਿ ਸਕਦਾ ਹੈ:

- ਤੁਹਾਡੇ ਬੱਚੇ ਦਾ ਆਕਾਰ, ਵਾਧਾ ਜਾਂ ਸਥਿਤੀ
- ਤੁਹਾਡੇ ਬੱਚੇ ਦੇ ਦੁਆਲੇ ਐਮਨਿਓਟਿਕ ਤਰਲ ਦੀ ਮਾਤਰਾ
- ਤੁਹਾਡੇ ਪਲੈਸੈਂਟਾ ਦਾ ਸਥਾਨ
- ਤੁਹਾਡੇ ਬੱਚੇਦਾਨੀ ਦੇ ਮੂੰਹ ਦੀ ਲੰਬਾਈ
- ਜਦੋਂ ਤੁਹਾਡੀ ਗਰਭ ਅਵਸਥਾ ਨਿਰਧਾਰਤ ਮਿਤੀ ਤੋਂ ਵੱਧ ਜਾਂਦੀ ਹੈ, ਤਾਂ ਭਰੂਣ ਦੀ ਤੰਦਰੁਸਤੀ ਦੀ ਜਾਂਚ ਕਰਨ ਅਤੇ ਲੇਬਰ ਦੀ ਪ੍ਰੇਰਣਾ ਜਨਮ ਪ੍ਰਕਿਰਿਆ ਸ਼ੁਰੂ ਕਰਨ (ਲੇਬਰ ਇੰਡਕਸ਼ਨ)ਬਾਰੇ ਫੈਸਲੇ ਕਰਨ ਵਿੱਚ ਮਦਦ ਲਈ।

ਕੀ ਮੈਂ ਆਪਣੇ ਬੱਚੇ ਦਾ ਲਿੰਗ ਪਤਾ ਕਰ ਸਕਦਾ/ਦੀ ਹਾਂ?

ਦੂਜੀ ਤਿਮਾਹੀ ਦੇ ਵਿਸਤ੍ਰਿਤ ਅਲਟਰਾਸਾਊਂਡ ਦੌਰਾਨ, ਤੁਹਾਡੇ ਬੱਚੇ ਦੇ ਜਣਨ ਅੰਗਾਂ (ਲਿੰਗ ਅੰਗਾਂ) ਨੂੰ ਆਮ ਤੌਰ 'ਤੇ ਆਮ ਸਰੀਰ ਵਿਗਿਆਨ ਮੁਲਾਂਕਣ ਦੇ ਹਿੱਸੇ ਵਜੋਂ ਦੇਖਿਆ ਜਾਂਦਾ ਹੈ।

ਅਲਟਰਾਸਾਊਂਡ ਕਰਨ ਵਾਲਾ ਡਾਇਗਨੋਸਟਿਕ ਮੈਡੀਕਲ ਸੋਨੋਗ੍ਰਾਫ਼ਰ ਤੁਹਾਨੂੰ ਇਸ ਬਾਰੇ ਵਿਸਤ੍ਰਿਤ ਜਾਣਕਾਰੀ ਨਹੀਂ ਦੇ ਸਕਦਾ ਕਿ ਉਹ ਅਲਟਰਾਸਾਊਂਡ 'ਤੇ ਕੀ ਦੇਖਦੇ ਹਨ, ਜਿਸ ਵਿੱਚ ਤੁਹਾਡੇ ਬੱਚੇ ਦਾ ਲਿੰਗ ਵੀ ਸ਼ਾਮਲ ਹੈ। ਸਿਰਫ਼ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਜਿਸਨੇ ਅਲਟਰਾਸਾਊਂਡ ਸਕੈਨ ਦੀ ਬੇਨਤੀ ਕੀਤੀ ਸੀ (ਜਿਵੇਂ ਕਿ ਤੁਹਾਡਾ ਡਾਕਟਰ, ਦਾਈ, ਜਾਂ ਨਰਸ ਪ੍ਰੈਕਟੀਸ਼ਨਰ) ਹੀ ਸਕੈਨ ਦੇ ਨਤੀਜੇ ਦੇ ਸਕਦਾ ਹੈ। ਜੇਕਰ ਤੁਸੀਂ ਆਪਣੇ ਬੱਚੇ ਦਾ ਲਿੰਗ ਨਹੀਂ ਜਾਣਨਾ ਚਾਹੁੰਦੇ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਅਤੇ ਡਾਇਗਨੋਸਟਿਕ ਮੈਡੀਕਲ ਸੋਨੋਗ੍ਰਾਫਰ ਨੂੰ ਦੱਸੋ।

ਧਿਆਨ ਰੱਖੋ ਕਿ ਅਲਟਰਾਸਾਊਂਡ ਤੁਹਾਡੇ ਬੱਚੇ ਦੇ ਲਿੰਗ ਦਾ ਪਤਾ ਲਗਾਉਣ ਲਈ ਹਮੇਸ਼ਾ ਸਹੀ ਨਹੀਂ ਹੁੰਦਾ। ਇਸ ਤੋਂ ਇਲਾਵਾ, ਤੁਸੀਂ ਬੱਚੇ ਦੇ ਲਿੰਗ ਦੀ ਪਛਾਣ ਕਰਨ ਦੇ ਇਕੱਲੇ ਉਦੇਸ਼ ਲਈ ਮੈਡੀਕਲ ਅਲਟਰਾਸਾਊਂਡ ਬੁੱਕ ਨਹੀਂ ਕਰ ਸਕਦੇ।

ਕਿਹੜੇ ਕਾਰਕ ਅਲਟਰਾਸਾਊਂਡ ਤੋਂ ਪ੍ਰਾਪਤ ਜਾਣਕਾਰੀ ਨੂੰ ਸੀਮਤ ਕਰ ਸਕਦੇ ਹਨ?

ਕੁਝ ਕਾਰਕ ਤੁਹਾਡੇ ਅਲਟਰਾਸਾਊਂਡ ਤੋਂ ਪ੍ਰਾਪਤ ਕੀਤੀ ਜਾ ਸਕਣ ਵਾਲੀ ਜਾਣਕਾਰੀ ਨੂੰ ਸੀਮਤ ਕਰ ਸਕਦੇ ਹਨ, ਜਿਵੇਂ ਕਿ:

- ਸਕੈਨ ਦਾ ਸਮਾਂ
- ਤੁਹਾਡੇ ਬੱਚੇ ਦਾ ਆਕਾਰ ਜਾਂ ਸਥਿਤੀ
- ਤੁਹਾਡੇ ਪਲੈਸੈਂਟਾ ਦਾ ਸਥਾਨ
- ਤੁਹਾਡੇ ਬੱਚੇ ਦੇ ਦੁਆਲੇ ਐਮਨਿਓਟਿਕ ਤਰਲ ਦੀ ਮਾਤਰਾ
- ਜੇਕਰ ਤੁਸੀਂ ਜੁੜਵਾਂ ਜਾਂ ਕਈ ਬੱਚਿਆਂ ਨਾਲ ਗਰਭਵਤੀ ਹੋ
- ਜੇਕਰ ਤੁਹਾਡਾ ਬਾਡੀ ਮਾਸ ਇੰਡੈਕਸ (BMI) ਉੱਚਾ ਹੈ

ਕੀ ਮੈਨੂੰ ਦੂਜੀ ਤਿਮਾਹੀ ਦੇ ਵਿਸਤ੍ਰਿਤ ਅਲਟਰਾਸਾਊਂਡ ਤੋਂ ਤਸਵੀਰਾਂ ਮਿਲ ਸਕਦੀਆਂ ਹਨ?

ਕੁਝ ਕਲੀਨਿਕ ਜੋ ਮੈਡੀਕਲ ਤੌਰ 'ਤੇ ਦਰਸਾਏ ਗਏ ਦੋ-ਅਯਾਮੀ (2D) ਅਲਟਰਾਸਾਊਂਡ ਸਕੈਨ ਕਰਦੇ ਹਨ, ਫੋਟੋਆਂ ਪ੍ਰਦਾਨ ਕਰਦੇ ਹਨ। ਜਦੋਂ ਤੁਸੀਂ ਆਪਣੇ ਅਲਟਰਾਸਾਊਂਡ ਲਈ ਚੈੱਕ-ਇਨ ਕਰਦੇ ਹੋ, ਤਾਂ ਇਸ ਸੰਭਾਵਨਾ ਅਤੇ ਲਾਗਤ ਬਾਰੇ ਪੁੱਛੋ।

ਕੁਝ ਕਲੀਨਿਕ ਯਾਦਗਾਰੀ ਜਾਂ ਮਨੋਰੰਜਨ ਦੇ ਉਦੇਸ਼ਾਂ ਲਈ ਵਿਕਲਪਿਕ, ਨਿੱਜੀ-ਭੁਗਤਾਨ ਵਾਲੇ, ਤਿੰਨ-ਅਯਾਮੀ (3D) ਅਲਟਰਾਸਾਊਂਡ ਦੀ ਪੇਸ਼ਕਸ਼ ਕਰਦੇ ਹਨ।

ਹੈਲਥ ਕੈਨੇਡਾ (Health Canada), ਸੋਸਾਇਟੀ ਆਫ਼ ਔਬਸਟੇਟ੍ਰੀਸ਼ੀਅਨਜ਼ ਐਂਡ ਗਾਇਨੀਕੋਲੋਜਿਸਟਸ ਆਫ਼ ਕੈਨੇਡਾ (Society of Obstetricians and Gynaecologists of Canada), ਕੈਨੇਡੀਅਨ ਐਸੋਸੀਏਸ਼ਨ ਆਫ਼ ਰੇਡੀਓਲੋਜਿਸਟਸ (Canadian Association of Radiologists), ਕਾਲਜ ਆਫ਼ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ਼ ਬੀਸੀ (College of Physicians and Surgeons of BC), ਅਤੇ ਇੰਟਰਨੈਸ਼ਨਲ ਸੋਸਾਇਟੀ ਆਫ਼ ਅਲਟਰਾਸਾਊਂਡ ਐਂਡ ਗਾਇਨੀਕੋਲੋਜੀ (International Society of Ultrasound and Gynecology) ਸਿਰਫ਼ ਡਾਕਟਰੀ ਉਦੇਸ਼ਾਂ ਲਈ ਅਲਟਰਾਸਾਊਂਡ ਦੀ ਸਿਫ਼ਾਰਸ਼ ਕਰਦੇ ਹਨ।

ਹੋਰ ਜਾਣਕਾਰੀ ਲਈ

- **ਸੋਸਾਇਟੀ ਆਫ਼ ਔਬਸਟੇਟ੍ਰੀਸ਼ੀਅਨਜ਼ ਐਂਡ ਗਾਇਨੀਕੋਲੋਜਿਸਟਸ ਆਫ਼ ਕੈਨੇਡਾ** (The Society of Obstetricians and Gynaecologists of Canada) - **ਗਰਭ ਅਵਸਥਾ ਵਿੱਚ ਅਲਟਰਾਸਾਊਂਡ** www.pregnancyinfo.ca/your-pregnancy/routine-tests
- **ਹੈਲਥ ਕੈਨੇਡਾ** (Health Canada)-**ਨਿਸ਼ਾਨੀ ਵਜੋਂ ਵੀਡੀਓਜ਼ ਲਈ ਭਰੂਣ ਅਲਟਰਾਸਾਊਂਡ**www.canada.ca/en/health-canada/services/health-risks-safety/radiation/medical/ultrasound.html
- **ਪੇਰੀਨੇਟਲ ਸਰਵਿਸਿਜ਼ ਬੀਸੀ** (Perinatal Services BC) - **ਪ੍ਰੀਨੇਟਲ ਜੈਨੇਟਿਕ ਸਕ੍ਰੀਨਿੰਗ ਪ੍ਰੋਗਰਾਮ** (Prenatal Genetic Screening Program) www.perinatalservicesbc.ca/our-services/screening-programs/prenatal-genetic-screening-program
- **ਪੇਰੀਨੇਟਲ ਸਰਵਿਸਿਜ਼ ਬੀਸੀ** (Perinatal Services BC) - **ਪੇਰੀਨੇਟਲ ਅਤੇ ਨਿਊਬੋਰਨ ਹੈਲਥ ਹੱਬ** (Perinatal & Newborn Health Hub) www.psbchealthhub.ca